# ਭਾਈ ਵੀਰ ਸਿੰਘ ਦੇ ਜੀਵਨ ਅਤੇ ਲਿਖਤਾਂ ਤੇ ਅਧਾਰਤ ਸਕੂਲ ਪੱਧਰੀ ਭਾਸ਼ਣ ਮੁਕਾਬਲਾ



ਨਵੀਂ ਦਿੱਲੀ, 31ਜਨਵਰੀ 2013 ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਯੁਵਕ ਲਿਖਾਰੀ ਸੰਗਤ ਵਲੋਂ ਭਾਸ਼ਣ ਮੁਕਾਬਲਾ 2013 ਦਾ ਆਯੋਜਨ ਸਦਨ ਦੇ ਕਾਨਫਰੰਸ ਹਾਲ ਵਿਚ ਕੀਤਾ ਗਿਆ ਜਿਸ ਵਿਚ ਦਿੱਲੀ ਦੇ ਪ੍ਰਮੁੱਖ ਖਾਲਸਾ ਸਕੂਲਾਂ ਦੀਆਂ 14 ਟੀਮਾਂ ਨੇ ਹਿੱਸਾ ਲਿਆ। ਭਾਸ਼ਣ ਮੁਕਾਬਲੇ ਦਾ ਵਿਸ਼ਾ ਸੀ— **ਭਾਈ ਵੀਰ ਸਿੰਘ ਦਾ ਜੀਵਨ ਅਤੇ ਲਿਖਤਾਂ** (Life and writings of Bhai Vir Singh) ਇਸ ਭਾਸ਼ਣ ਮੁਕਾਬਲੇ ’ਚ ਸਾਰੇ ਹੀ ਵਿਦਿਆਰਥੀਆਂ ਨੇ ਆਪਣੇ ਵਲੋਂ ਵਧੀਆ ਪੇਸ਼ਕਾਰੀ ਕੀਤੀ। ਨਤੀਜੇ ਪਖੋਂ ਪਹਿਲੇ ਸਥਾਨ ਤੇ ਮਾਤਾ ਗੁਜਰੀ ਪਬਲਿਕ ਸਕੂਲ ਜੀ.ਕੇ. ਪਾਰਟ-1 ਦੇ ਦੋਵੇਂ ਵਿਦਿਆਰਥੀ, ਅੰਗ੍ਰੇਜ਼ੀ ’ਚ ਰਿਸੀਮ ਅਤੇ ਪੰਜਾਬੀ ’ਚ ਪ੍ਰਭਲੀਨ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਦੂਜਾ ਸਥਾਨ ਪੰਜਾਬੀ ’ਚ ਗੁਰੂ ਤੇਗ ਬਹਾਦਰ ਥਰਡ ਸੈਂਟੇਨਰੀ ਪਬਲਿਕ ਸਕੂਲ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੂੰ ਮਿਲਿਆ ਤੇ ਅੰਗ੍ਰੇਜ਼ੀ ’ਚ ਦੂਜਾ ਸਥਾਨ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਕਰੋਲ ਬਾਗ ਦੇ ਵਿਦਿਆਰਥੀ ਪ੍ਰਤੀਕ ਸ਼ਰਮਾ ਨੂੰ ਮਿਲਿਆ। ਤੀਜੇ ਸਥਾਨ ਤੇ ਰਹੇ ਵਿਦਿਆਰਥੀ ਮਾਤਾ ਜੈ ਕੌਰ ਪਬਲਿਕ ਸਕੂਲ ਤੋਂ ਪੰਜਾਬੀ ’ਚ ਹਰਲੀਨ ਕੌਰ ਅਤੇ ਅੰਗ੍ਰੇਜ਼ੀ ’ਚ ਕੁਮਾਰੀ ਸ਼ੈਲਜਾ ਸਨ। ਭਾਸ਼ਣ ਮੁਕਾਬਲੇ ਦਾ ਉਦੇਸ਼ ਜਿਥੇ ਵਿਦਿਆਰਥੀਆਂ ’ਚ ਆਪਣੇ ਸਾਹਿਤ, ਸਾਹਿਤਕਾਰਾਂ ਪ੍ਰਤੀ ਸਾਹਿਤ ਚੇਤਨਾ ਨੂੰ ਪ੍ਰਫੁੱਲਿਤ ਕਰਨਾ ਸੀ, ਉਥੇ ਉਨ੍ਹਾਂ ’ਚ ਸਟੇਜ ਤੇ ਬੋਲਣ ਦੀ ਕਲਾ-ਸੰਭਾਵਨਾ ਨੂੰ ਵੀ ਉਜਾਗਰ ਕਰਨਾ ਸੀ। ਇਸ ਉਦੇਸ਼ ਪਖੋਂ ਇਹ ਭਾਸ਼ਣ ਮੁਕਾਬਲਾ ਇਕ ਸਾਰਥਕ ਆਯੋਜਨ ਰਿਹਾ।